रोल नं. मुद्रित पृष्ठों की संख्या : 4

Roll No. No. of printed pages : 4

107 **2025** **407 (IIE)**

# पंजाबी

समय : 3 घण्टे] [पूर्णांक : 80

Time : 3 Hours] [Max. Marks : 80

ਵਿਸ਼ਾ- ਪੰਜਾਬੀ ਪ੍ਰਸ਼ਨ ਪੱਤਰ -ਸਿਰਫ਼ ਅੰਕ-80

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ।

- ਪ੍ਰਸ਼ਨ ਪੱਤਰ ਵਿੱਚ ਕੁੱਲ 12 ਪ੍ਰਸ਼ਨ ਹਨ।
- ਅੰਕਾਂ ਦਾ ਵਿਭਾਜਨ ਪ੍ਰਸ਼ਨਾਂ ਦੇ ਅਨੁਸਾਰ ਕੀਤਾ ਗਿਆ ਹੈ।
- ਬਹੁ-ਵਿਕਲਪੀ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ/ਚਿੰਨ੍ਹ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
- ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਹੀ ਪ੍ਰਸ਼ਨਾਂ ਨੂੰ ਹੱਲ ਕੀਤਾ ਜਾਵੇ।

## ਭਾਗ-।

1. **ਹੇਠ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣਕੇ ਲਿਖੋ—** 6

ਸਮਾਂ ਇੱਕ ਮਹਾਨ ਖਜ਼ਾਨਾ ਹੈ। ਅਮਰੀਕਾ, ਜਪਾਨ ਵਰਗੇ ਦੇਸ਼ਾਂ ਵਿੱਚ ਮੀਂਹ ਹੋਵੇ, ਹਨੇਰੀ ਹੋਵੇ ਜਾਂ ਗਰਮੀ ਹੋਵੇ ਹਰ ਕੋਈ ਅੱਠ ਘੰਟੇ ਕੰਮ ਕਰਦਾ ਹੈ। ਦਫ਼ਤਰਾਂ, ਖੇਤਾਂ ਤੇ ਕਾਰਖਾਨਿਆਂ ਵਿੱਚ ਵਿਸ਼ੇਸ਼ ਛੁੱਟੀਆਂ ਸਾਲ ਵਿੱਚ ਮਸਾਂ ਚਾਰ-ਪੰਜ ਹੀ ਹੁੰਦੀਆਂ ਹਨ। ਪਰ ਸਾਡੇ ਦੇਸ਼ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿੰਨੇ ਥੋੜ੍ਹੇ ਘੰਟੇ ਕੰਮ, ਕਿੰਨਾਂ ਬੇਦਿਲਾ ਕੰਮ ਤੇ ਫੇਰ ਸਵੇਰ-ਸ਼ਾਮ ਮੰਦਰਾਂ, ਗੁਰਦੁਆਰਿਆਂ ਵਿੱਚ ਭੀੜਾਂ, ਸਾਧੂਆਂ ਦੀ ਨਿੱਤ ਫੇਰੀ, ਮਰਨੇ, ਜੰਮਣੇ ਅਤੇ ਵਿਆਹ। ਲਾਊਡ ਸਪੀਕਰਾਂ ਉੱਤੇ ਦਿਨ-ਰਾਤ ਧਰਮ ਨਹੀਂ ਸਗੋਂ ਵਹਿਮ-ਭਰਮ ਪ੍ਰਚਾਰੇ ਜਾਂਦੇ ਹਨ। ਕਿਸੇ ਹੋਰ ਦੇਸ਼ਾਂ ਵਿੱਚ ਇਨਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ। ਹੋਰਨਾਂ ਦੇਸ਼ਾਂ ਵਿੱਚ ਭਾਵੇਂ ਕਿੰਨੀ ਹੀ ਬਰਫ਼ ਜੰਮੀਂ ਹੋਵੇ, ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤੱਕ ਡੱਟ ਕੇ ਕੰਮ ਕੀਤਾ ਜਾਂਦਾ ਹੈ। ਇੱਕ ਘੰਟਾ ਵਿਚਕਾਰ ਖਾਣਾ ਖਾ ਕੇ, ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਹੁੰਦੀ ਹੈ। ਇਹੀ ਕਾਰਨ ਹੈ ਕਿ ਉਹਨਾਂ ਦੀ ਪੈਦਾਵਾਰ ਸਾਡੇ ਨਾਲੋਂ ਕਈ ਗੁਣਾਂ ਵਧੇਰੇ ਹੁੰਦੀ ਹੈ।

(i) ਅਮਰੀਕਾ, ਜਪਾਨ ਵਿੱਚ ਲੋਕ ਕਿੰਨੇ ਘੰਟੇ ਕੰਮ ਕਰਦੇ ਹਨ ?

(ੳ) ਪੰਜ ਘੰਟ (ਅ) ਸੱਤ ਘੰਟੇ

(ੲ) ਅੱਠ ਘੰਟੇ (ਸ) ਚਾਰ ਘੰਟੇ

(ii) "ਕਾਮੇ" ਸ਼ਬਦ ਦਾ ਕੀ ਅਰਥ ਹੈ ?

(ੳ) ਮਜ਼ਦੂਰ (ਅ) ਰਾਸ਼ਟਰਪਤੀ

(ੲ) ਉਦਯੋਗਪਤੀ (ਸ) ਠੇਕੇਦਾਰ

(iii) ਬਾਹਰਲੇ ਦੇਸ਼ਾਂ ਵਿੱਚ ਕਾਮੇ ਕਿੰਨੇ ਵਜੇ ਤੱਕ ਆਪਣੇ ਕੰਮ ਉੱਤੇ ਪਹੁੰਚ ਜਾਂਦੇ ਹਨ ?

(ੳ) ਦੋ ਵਜੇ (ਅ) ਅੱਠ ਵਜੇ

(ੲ) ਸੱਤ ਵਜੇ (ਸ) ਚਾਰ ਵਜੇ

(iv) ਅਮਰੀਕਾ, ਜਪਾਨ ਵਿੱਚ ਵਿਸ਼ੇਸ਼ ਛੁੱਟੀਆਂ ਕਿੰਨੀਆਂ ਹੁੰਦੀਆਂ ਹਨ ?

(ੳ) ਦੱਸ-ਗਿਆਰਾਂ (ਅ) ਛੇ-ਸੱਤ

(ੲ) ਅਣਗਿਣਤ (ਸ) ਚਾਰ-ਪੰਜ

(v) ਸਾਡੇ ਦੇਸ਼ ਵਿੱਚ ਕਿੰਨਾਂ-ਕਿੰਨਾਂ ਗੱਲਾਂ ਉੱਤੇ ਸਮਾਂ ਬਰਬਾਦ ਕੀਤਾ ਜਾਂਦਾ ਹੈ ?

(ੳ) ਮਰਨੇ-ਜੰਮਣੇ ਤੇ (ਅ) ਵਿਆਹ ਤੇ

(ੲ) ਬੇਦਿਲਾ ਕੰਮਾਂ ਤੇ (ਸ) ਉਪਰੋਕਤ ਸਾਰੇ

(vi) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਕੀ ਹੈ ?

(ੳ) ਸਮੇਂ ਦੀ ਕਦਰ (ਅ) ਕੰਮ ਦੀ ਹਾਲਤ

(ੲ) ਵਹਿਮ (ਸ) ਭ੍ਰਿਸ਼ਟਾਚਾਰ

2. ਅਰੋੜਾ ਬੁੱਕ ਡਿੱਪੋ ਕੋਲੋਂ ਆਪਣੀ ਪਸੰਦ ਦੀਆਂ ਕੁੱਝ ਕਿਤਾਬਾਂ ਮੰਗਵਾਉਣ ਲਈ ਚਿੱਠੀ ਲਿਖੋ। 6

ਜਾਂ

ਤੁਸੀਂ ਪੜ੍ਹੇ ਲਿਖੇ ਕਿਸਾਨ ਹੋ। ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਨੂੰ ਖੇਤੀਬਾੜੀ ਸਹਾਇਕ ਧੰਦਿਆਂ ਸੰਬੰਧੀ ਸਿਖਲਾਈ ਕੋਰਸ ਕਰਨ ਬਾਰੇ ਇੱਕ ਪੱਤਰ ਲਿਖੋ।

3. ਹੇਠਾਂ ਦਿੱਤੇ ਵਿਸ਼ਿਆਂ ਵਿਚੋਂ ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ- 10

ਵਿਗਿਆਨ ਦੇ ਲਾਭ

ਜਾਂ

ਮਨ ਜੀਤੇ ਜਗੁ ਜੀਤ

4. ਵਾਕ-ਵਟਾਂਦਰਾ-

ਹੇਠ ਲਿਖੇ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ- 1×4=4

(i) ਮੇਰੀ ਇੱਛਾ ਹੈ ਕਿ ਮੈਂ ਅਮੀਰ ਹੋਵਾ। (ਵਿਸਮੈ-ਵਾਚਕ)

(ii) ਉਹ ਹਮੇਸ਼ਾਂ ਸੱਚ ਬੋਲਦਾ ਹੈ। (ਨਾਂਹ ਵਾਚਕ)

(iii) ਤੁਸੀਂ ਆਪਣਾ ਨਾਂ ਦੱਸੋ। (ਪ੍ਰਸ਼ਨ ਵਾਚਕ)

(iv) ਮਾਲੀ ਨੇ ਬੂਟਿਆਂ ਨੂੰ ਪਾਣੀ ਦਿੱਤਾ। (ਕਰਮਣੀ ਵਾਚਕ)

5. ਅਖਾਣ/ਅਖਾਉਤਾਂ—

ਹੇਠਾਂ ਦਿੱਤੇ ਅਖਾਣਾ ਨੂੰ ਇਸ ਤਰਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੇ ਅਰਥ ਸਪਸ਼ਟ ਹੋ ਜਾਣ— 2×5=10

(i) ਇੱਕ ਚੁੱਪ ਤੇ ਸੌ ਸੁੱਖ

(ii) ਆਪੇ ਮੈਂ ਰੱਜੀ-ਪੁੱਜੀ ਆਪੇ ਮੇਰੇ ਬੱਚੇ ਜੀਣ

(iii) ਸੰਗ ਤਾਰੇ ਕੁਸੰਗ ਡੋਬੇ

(iv) ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ।

(v) ਅੰਨ੍ਹਾਂ ਵੰਡੇ ਰਿਉੜੀਆਂ ਮੁੜ-ਮੁੜ ਆਪਣਿਆਂ ਨੂੰ

6. ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ— 8

ਲਗ ਟਾਹਣਾਂ-ਗਲ ਵੇਲਾਂ ਸੁੱਤੀਆਂ, ਲਗ ਵੇਲਾਂ ਗਲ ਕਲੀਆਂ,
ਲਗ ਕਲੀਆਂ ਗਲ ਗੰਧਾਂ ਸੁੱਤੀਆਂ, ਨੀਂਦ ਵਲੇਵੇਂ ਵਲੀਆਂ।
ਸ਼ਾਂਤ ਸੁੱਤੇ ਜਮਨਾ ਦੇ ਕੰਢੇ, ਹਰੇ ਭਰੇ ਅਤੇ ਸਾਵੇ,
ਨੀਂਦ ਵਿਗੁੱਤੀ ਜਲ ਧਾਰਾ ਨੂੰ, ਬੰਨ੍ਹੀ ਵਿੱਚ ਕਲਾਵੇ।

ਜਾਂ

ਮੇਰਾ ਬਚਪਨ ਅਜੇ ਨਾ ਆਇਆ ਮੇਰਾ ਬਚਪਨ ਕਦ ਆਵੇਗਾ?
ਜਦ ਉਮਰਾਂ ਦੀ ਝੋਲੀ ਦੇ ਵਿੱਚ ਦੋ, ਤਿੰਨ, ਚਾਰ ਜਾਂ ਪੰਜ ਵਰ੍ਹੇ ਸਨ।
ਮਾਂ ਦੇ ਬੁੱਲ੍ਹ ਬਰਾਨਾਂ ਉੱਤੇ ਕਦੀ ਨਾ ਉੱਗੀ ਹਰੀ ਕਰੂਮਲ
ਨੈਣ ਉਸਦੇ ਭਰੇ ਭਰੇ ਸਨ ਦਿਨ ਜਿਉਂ ਬੁਝੇ-ਬੁਝੇ ਪਰਛਾਂਵੇਂ
ਮਾਂ ਮੇਰੀ ਦੀ ਸਗਲ ਮੁਸ਼ੱਕਤ-ਨੀਵੀਂ ਨਜ਼ਰ ਸਦਾ ਸ਼ਰਮਾਵੇ।

7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਕੇ ਲਿਖੋ- 1×4=4

(i) "ਟੁਕੜੀ ਜਗ ਤੋਂ ਨਯਾਰੀ" ਕਿਸ ਧਰਤੀ ਨੂੰ ਕਿਹਾ ਗਿਆ ਹੈ?

(ੳ) ਪੰਜਾਬ ਨੂੰ　　(ਅ) ਕਸ਼ਮੀਰ ਨੂੰ

(ੲ) ਗੁਜਰਾਤ ਨੂੰ　　(ਸ) ਬੰਗਾਲ ਨੂੰ

(ii) "ਚੁੰਮ-ਚੁੰਮ ਰੱਖੋ" ਕਵਿਤਾ ਕਿਸ ਕਵੀ ਦੀ ਰਚਨਾ ਹੈ?

(ੳ) ਸ਼ਿਵ ਕੁਮਾਰ　　(ਅ) ਭਾਈ ਵੀਰ ਸਿੰਘ

(ੲ) ਨੰਦ ਲਾਲ ਨੂਰਪੁਰੀ　　(ਸ) ਕੋਈ ਨਹੀਂ

(iii) ਸ਼ਿਵ ਕੁਮਾਰ ਬਟਾਲਵੀ ਦੀ ਕਿਹੜੀ ਕਵਿਤਾ ਤੁਹਾਡੀ ਪਾਠ-ਪੁਸਤਕ ਵਿੱਚ ਦਰਜ਼ ਹੈ?

(ੳ) ਰੁਬਾਈ　　(ਅ) ਗੀਤ

(ੲ) ਗਜ਼ਲ　　(ਸ) ਬਿਰਹਾ

(iv) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ "ਵਾਰਸ ਸ਼ਾਹ" ਵਿੱਚ ਕਿਹੜੇ ਪ੍ਰੀਤ ਨਾਇਕ/ਨਾਇਕਾ ਦਾ ਜ਼ਿਕਰ ਹੋਇਆ ਹੈ?

(ੳ) ਹੀਰ-ਰਾਂਝਾ　　(ਅ) ਸਾਹਿਬਾ-ਮਿਰਜ਼ਾ

(ੲ) ਸੋਹਣੀ-ਮਹੀਵਾਲ　　(ਸ) ਉਪਰੋਕਤ ਸਾਰੇ।

8. "ਨੀਲੀ" ਕਹਾਣੀ ਨੂੰ ਸੰਖੇਪ ਕਰਕੇ ਆਪਣੇ ਸ਼ਬਦਾਂ ਵਿੱਚ ਲਿਖੋ। 8

ਜਾਂ

ਪ੍ਰੇਮ ਪ੍ਰਕਾਸ਼ ਦੁਆਰਾ ਲਿਖੀ ਕਹਾਣੀ "ਮਾੜਾ ਬੰਦਾ" ਦਾ ਸਾਰ ਕਰੋ।

9. ਹੇਠ ਦਿੱਤੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਕੇ ਲਿਖੋ- 1×4 =4

(i) ਨੀਲੀ ਦੀ ਵੱਛੀ ਕਿਹੋ ਜਿਹੀ ਸੀ?

(ੳ) ਮਾਂ ਵਰਗੀ ਗੋਰੀ ਚਿੱਟੀ　　(ਅ) ਕਾਲੀ

(ੲ) ਲਾਖੀ　　(ਸ) ਮਾਰਖੰਡ

(ii) ਬੁੱਢੀ ਮਾਈ ਜੇਠ ਦੀ ਸੰਗਰਾਦ ਤੇ ਕਿੱਥੇ ਆਈ ਸੀ?

(ੳ) ਮੰਦਰ　　(ਅ) ਗੁਰਦੁਆਰੇ

(ੲ) ਬਜ਼ਾਰ　　(ਸ) ਪਿੰਡ

(iii) ਰਿਕਸ਼ੇ ਵਾਲਾ ਕਿੰਨੇ ਰੁਪਏ ਮੰਗ ਰਿਹਾ ਸੀ ?

(ੳ) ਦੋ ਰੁਪਏ (ਅ) ਪੰਜ ਰੁਪਏ

(ੲ) ਤਿੰਨ ਰੁਪਏ (ਸ) ਦੱਸ ਰੁਪਏ

(iv) "ਘਰ ਜਾ ਆਪਣੇ" ਕਹਾਣੀ ਦਾ ਪਾਤਰ ਕਿਹੜਾ ਹੈ ?

(ੳ) ਗਾਂ (ਅ) ਪ੍ਰੋਫੈਸਰ

(ੲ) ਰਿਕਸ਼ੇ ਵਾਲਾ (ਸ) ਜੀਤੋ

10. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ- 2×4=8

(i) ਜੀਤੋ ਦੇ ਵੀਰ ਦਾ ਸਭਾਅ ਕਿਹੋ ਜਿਹਾ ਸੀ ?

(ii) ਵੱਛੀ ਮਰਨ ਤੇ ਨੀਲੀ ਦੁੱਧ ਕਿਉਂ ਨਹੀਂ ਦੇ ਰਹੀ ਸੀ ?

(iii) ਰਿਕਸ਼ੇ ਵਾਲੇ ਦਾ ਹੁਲੀਆ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

(iv) ਪ੍ਰੋਫੈਸਰ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕਿਹੜੇ-ਕਿਹੜੇ ਕਾਰਨ ਸੋਚਦਾ ਹੈ।

(v) ਘਰਦਿਆਂ ਨੇ ਆਪਣਾ ਚਾਅ ਪੂਰਾ ਕਰਨ ਲਈ ਕਿਹੜਾ ਤਰੀਕਾ ਲੱਭ ਲਿਆ ?

11. ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ- 1×4=4

ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਕੇ ਲਿਖੋ-

(i) ਮਾਘੀ ਦਾ ਮੇਲਾ ਕਿੱਥੇ ਲੱਗਦਾ ਹੈ ?

(ੳ) ਜਗਰਾਉਂ (ਅ) ਮੁਕਤਸਰ

(ੲ) ਕਰਤਾਰਪੁਰ (ਸ) ਅੰਮ੍ਰਿਤਸਰ

(ii) ਤੀਆਂ ਦਾ ਤਿਉਹਾਰ ਕਦੋਂ ਆਉਂਦਾ ਹੈ ?

(ੳ) ਸਾਵਣ (ਅ) ਭਾਦਰੋਂ

(ੲ) ਅੱਸੂ (ਸ) ਮਾਘ

(iii) ਰੁੱਤਾਂ ਵਿੱਚ ਸਭ ਤੋਂ ਮਿੱਠੀ ਰੁੱਤ ਕਿਹੜੀ ਹੈ ?

(ੳ) ਸਰਦੀ (ਅ) ਗਰਮੀ

(ੲ) ਬਸੰਤ (ਸ) ਪੱਤਝੜ

(iv) ਬੱਚੇ ਦੇ ਜਨਮ ਪਿੱਛੋਂ ਕਿਹੜੀ ਰਸਮ ਮਹੱਤਵਪੂਰਨ ਮੰਨੀ ਜਾਂਦੀ ਹੈ ?

(ੳ) ਗੁੜ੍ਹਤੀ (ਅ) ਦਾਨ

(ੲ) ਰੋਕਾ (ਸ) ਵੱਟਣਾ

12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ- 4×2=8

(i) ਇਸਤਰੀਆਂ ਦੇ ਮੁੱਖ ਲੋਕ-ਨਾਚਾਂ ਦਾ ਵਰਨਨ ਕਰੋ।

(ii) "ਲੋਕ-ਖੇਡਾਂ" ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ ?

(iii) ਗੁਰੂ ਸਾਹਿਬਾਂ ਦੀ ਸਿਮਰਤੀ ਵਿੱਚ ਪੰਜਾਬ ਦੇ ਕਿਹੜੇ-ਕਿਹੜੇ ਮੇਲੇ ਲੱਗਦੇ ਹਨ ? ਕਿਸੇ ਇੱਕ ਮੇਲੇ ਬਾਰੇ ਸੰਖੇਧ ਵਿੱਚ ਲਿਖੋ।